ਸਚੁ ਸੁਣਾਇਸੀ ਸਚ ਕੀ ਬੇਲਾ
ਬੁਧਵਾਰ, 2 ਅਕਤੂਬਰ, 2013
ਬਹੁਰੰਗੀ
ਰੋਜ਼ਾਨਾ ਸਪੋਕਸਮੈਨ

ਆਹ ਵੇਖ! ਬਾਬਾ ਵੇਖ!! ਤੇਰੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਬਣੇ ਗੁਰਦਵਾਰਿਆਂ ਅੰਦਰ ਕੀ ਹੋ ਰਿਹੈ?

ਕੁੱਝ ਦਿਨ ਪਹਿਲਾਂ ਸਵਾਰੀ ਨਾਲ ਗੁਰੂ ਕੀ ਨਗਰੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਨੇੜੇ ਸਥਿਤ ਹੋਰ ਗੁਰੂ ਘਰਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜੋ ਕੁੱਝ ਤਕਿਆ, ਉਹ ਪਾਠਕਾਂ ਦੀ ਕਚਹਿਰੀ 'ਚ ਹਾਜ਼ਰ ਹੈ। ਸੱਭ ਤੋਂ ਪਹਿਲਾਂ ਜਲੰਧਰ ਤੋਂ ਅੱਗੇ ਸ੍ਰੀ ਕਰਤਾਰਪੁਰ ਵਿਖੇ ਦਰਸ਼ਨ ਕੀਤੇ। ਜਿਥੇ ਪਾਣੀ ਦੀ ਬੱਚਤ ਲਈ ਬਹੁਤ ਜ਼ੋਰ ਲਾ ਰਹੇ ਹਾਂ, ਉਥੇ ਹੀ ਇਸ ਗੁਰੂ ਘਰ ਵਿਚ ਖੂਹ ਤੋਂ ਪਾਣੀ ਵਿਅਰਥ ਜਾਂਦਾ ਵੇਖਿਆ ਤਾਂ ਸੇਵਾਦਾਰ ਤੋਂ ਪੁਛਿਆ, "ਪਾਣੀ ਦੀ ਦੁਰਵਰਤੋਂ ਕਿਉਂ ਹੋ ਰਹੀ ਹੈ?"

ਸੇਵਾਦਾਰ ਕਹਿਣ ਲੱਗਾ, "ਇਸ ਖੂਹ 'ਤੇ ਬਾਬਾ ਵਡਭਾਗ ਸਿੰਘ ਦੇ ਡੇਰੇ ਦਾ ਕਰਜ਼ਾ ਹੈ। ਦਰਬਾਰ ਸਾਹਿਬ ਜਾਣ ਤੋਂ ਪਹਿਲਾਂ ਪੈਰ ਧੋਣ ਲਈ ਇਸ ਖੂਹ ਤੋਂ ਪਾਣੀ ਲਿਆ ਜਾਂਦਾ ਹੈ। ਡੇਰੇ ਵਾਲੇ ਇਸ ਪਾਣੀ ਦੀ ਦੁਰਵਰਤੋਂ ਵਲ ਖ਼ਾਸ ਧਿਆਨ ਨਹੀਂ ਦਿੰਦੇ।"

ਰਾਤੀਂ 10 ਵਜੇ ਸ੍ਰੀ ਦਰਬਾਰ ਸਾਹਿਬ ਪਹੁੰਚੇ, ਦਰਸ਼ਨ ਕੀਤੇ ਅਤੇ 15 ਕਿਲੋਮੀਟਰ ਦੀ ਦੂਰੀ 'ਤੇ ਗੁਰਦਵਾਰਾ ਛੇਹਰਟਾ ਸਾਹਿਬ ਜਾ ਕੇ ਕਮਰਾ ਲਿਆ। ਸੇਵਾਦਾਰ ਡਿਊਟੀ ਦੇ ਪਾਬੰਦ ਸਨ। ਐਡਰੈਸ ਨੋਟ ਕਰ ਕੇ ਸਾਨੂੰ ਦੋ ਕਮਰੇ ਮਿਲ ਗਏ। ਪ੍ਰਧਾਨ ਜੀ, ਅਜਿਹੇ ਸੇਵਾਦਾਰ ਨੂੰ ਸਨਮਾਨ ਵੀ ਦਿਉ। ਸੰਗਤ ਨੂੰ ਵੀ ਬੇਨਤੀ ਹੈ ਕਿ ਸਿਰਫ਼ ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਕਮਰੇ ਲੈਣ ਦੀ ਜ਼ਿੱਦ ਨਾ ਕਰਨ ਕਿਉਂਕਿ ਸੰਗਤ ਜ਼ਿਆਦਾ ਹੁੰਦੀ ਹੈ। ਕੁੱਝ ਵੀ.ਆਈ.ਪੀ. ਜਾਂ ਮੈਂਬਰਾਂ ਲਈ ਕਮਰੇ ਰਿਜ਼ਰਵ ਰਖਣੇ ਮੁਲਾਜ਼ਮਾਂ ਦੀ ਮਜਬੂਰੀ ਹੈ, ਕਸੂਰ ਸਾਡੇ ਰਾਜਸੀ ਲੋਕਾਂ ਦਾ ਹੈ। ਕਦੇ ਤੁਹਾਨੂੰ ਕੋਈ ਐਸ.ਜੀ.ਪੀ.ਸੀ. ਮੈਂਬਰ ਜਾਂ ਛੋਟਾ-ਮੋਟਾ ਲੀਡਰ ਵੀ ਪ੍ਰਕਰਮਾ ਵਿਚ ਸੁੱਤਾ ਨਹੀਂ ਮਿਲੇਗਾ। ਇਸ ਕਰ ਕੇ ਸੇਵਾਦਾਰਾਂ ਤੇ ਇਲਜ਼ਾਮ ਨਾ ਲਾਈਏ, ਰਾਜਸੀ ਲੋਕਾਂ ਨੂੰ ਪੁੱਛੋ।

ਪ੍ਰਧਾਨ ਜੀ, ਇਥੇ ਖੂਹ ਬਣਿਆ ਹੈ ਛੇ ਹਰਟਾਂ ਵਾਲਾ। ਜਦੋਂ ਇਹ ਖੂਹ ਬਣਿਆ ਸੀ, ਕੀ ਉਸ ਵੇਲੇ ਇਹ ਬਿਲਕੁਲ ਅਜਿਹਾ ਹੀ ਸੀ ਜਾਂ ਬਦਲਾਅ ਕੀਤਾ ਗਿਆ ਹੈ? ਗੁਰਬਾਣੀ ਵਿਚ ਕਿਤੇ ਵੀ ਵਰ/ਸਰਾਪ ਦਾ ਜ਼ਿਕਰ ਨਹੀਂ। ਮੈਂ ਸੋਚਦਾ ਹਾਂ ਕਿ ਅਸੀ ਗੁਰੂ ਜੀ ਤੋਂ ਪੁੱਤਰ ਵਰ ਦਿਵਾ ਕੇ ਭਰੂਣ ਹਤਿਆ ਦੇ ਦੋਸ਼ੀ ਗੁਰੂ ਮਹਾਰਾਜ ਨੂੰ ਬਣਾ ਰਹੇ ਹਾਂ। ਗੁਰਬਾਣੀ ਵਿਚ ਔਰਤ ਨੂੰ ਸਲਾਹਿਆ ਗਿਆ ਹੈ। ਜਿਸ ਗੁਰੂ ਨੇ ਧੀ-ਪੁੱਤਰ ਵਿਚ ਫ਼ਰਕ ਨਹੀਂ ਸਮਝਿਆ, ਉਸ ਦੇ ਦਰ 'ਤੇ ਸਿਰਫ਼ ਪੁੱਤਰ ਦੀ ਪ੍ਰਾਪਤੀ ਦਾ ਪ੍ਰਚਾਰ ਹੀ ਕਿਉਂ ਕੀਤਾ ਜਾਂਦਾ ਹੈ? ਕੀ ਕਿਤੇ ਧੀ ਲਈ ਵੀ ਅਰਦਾਸ ਕੀਤੀ ਜਾਂਦੀ ਹੈ? ਕੀ ਗੁਰਬਾਣੀ ਵਿਚ ਕਿਤੇ ਜ਼ਿਕਰ ਹੈ ਕਿ ਪੰਜ-ਪੰਚਮੀਆਂ ਇਸ਼ਨਾਨ ਕਰ ਕੇ ਪੁੱਤਰ ਦੀ ਪ੍ਰਾਪਤੀ ਹੋ ਜਾਂਦੀ ਹੈ? ਜਿਸ ਪੁਸਤਕ 'ਤੇ ਸਿੱਖ ਪੰਥ ਦੀ ਇਕ ਰਾਏ ਨਹੀਂ, ਕੀ ਉਸ ਕਿਤਾਬ 'ਗੁ. ਬਿਲਾਸ ਪਾਤਿਸ਼ਾਹੀ ਛੇਵੀਂ' ਦੀਆਂ ਪੰਕਤੀਆਂ ਸ੍ਰੀ ਦਰਬਾਰ ਸਾਹਿਬ ਅੱਗੇ ਲਿਖਣੀਆਂ ਠੀਕ ਹਨ?

ਪੁੱਤਰ ਹੇਤ ਨਾਰੀ ਜਉ ਮਾਸ-ਮਾਸ ਈਹਾ ਨਾਇ।

ਏਕ ਬਰਸ ਮਹਿ ਸੁਤ ਲਹਿ ਸ੍ਰੀ ਗੁਰ ਅਰ ਫ਼ੁਰਮਾਇ।

ਇਥੋਂ ਥੋੜੀ ਦੂਰ ਗੁਰੂ ਕੀ ਵਡਾਲੀ (ਛੇਵੇਂ ਗੁਰੂ ਜੀ ਦਾ ਪ੍ਰਕਾਸ਼ ਸਥਾਨ) ਹੈ। ਗੁਰੂ ਘਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਥਾਨ ਪਿਛੇ ਇਕ ਫ਼ੋਟ ਲੱਗੀ ਹੋਈ ਹੈ। ਇਤਿਹਾਸ 'ਚ ਜ਼ਿਕਰ ਹੈ ਕਿ ਬਾਲ ਹਰਿ ਗੋਬਿੰਦ ਰਾਇ ਨੂੰ ਖ਼ਤਮ ਕਰਨ ਲਈ ਪ੍ਰਿਥੀ ਚੰਦ ਨੇ ਖਿਡਾਵੀ ਨੂੰ ਉਕਸਾਇਆ ਤੇ ਉਸ ਨੇ ਅਪਣੀਆਂ ਛਾਤੀਆਂ 'ਤੇ ਜ਼ਹਿਰ ਲਾ ਕੇ ਬਾਲ ਹਰਿ ਗੋਬਿੰਦ ਰਾਏ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਜ਼ਹਿਰ ਦੇ ਅਸਰ ਨਾਲ ਆਪ ਹੀ ਮਰ ਗਈ। ਇਥੋਂ ਤਕ ਤਾਂ ਠੀਕ ਹੈ। ਪਰ ਇਕ ਬੀਬੀ ਦੇ ਗਲੇ ਖੜੇ ਹਨ ਤੇ ਸਾਰਾ ਜਿਸਮ ਨੰਗਾ ਹੈ ਤੇ ਬਾਲ ਹਰਿ ਗੋਬਿੰਦ ਰਾਇ ਨੂੰ ਦੁੱਧ ਚੁੰਘਦੇ ਵਿਖਾਇਆ ਗਿਆ ਹੈ। ਅੱਜ ਵੀ ਹਰ ਬੀਬੀ ਇਕੱਲੀ ਕਮਰੇ ਵਿਚ ਬੈਠ ਕੇ ਬੱਚੇ ਨੂੰ ਦੁੱਧ ਪਿਲਾਉਂਦੀ ਹੈ। ਐਸੀ ਫ਼ੋਟ ਗੁਰਦਵਾਰਾ ਸਾਹਿਬ ਵਿਚ ਲਾ ਕੇ ਅਸੀ ਸੰਗਤ ਨੂੰ ਕੀ ਦਸਣਾ ਚਾਹੁੰਦੇ ਹਾਂ? ਕੀ ਸਿਰਫ਼ ਲਿਖਣ ਨਾਲ ਨਹੀਂ ਸਮਝਾਇਆ ਜਾ ਸਕਦਾ? ਉਸ ਦੀ ਆਤਮਾ ਵੀ ਸਰੀਰ 'ਚੋਂ ਨਿਕਲ ਕੇ ਆਸਮਾਨ ਵਲ ਵਧਦੀ ਵਿਖਾਈ ਗਈ ਹੈ। ਇਸੇ ਪਿੰਡ ਵਿਚ ਗੁਰਦਵਾਰਾ ਦਮਦਮਾ ਸਾਹਿਬ ਹੈ। ਬਾਬਾ ਬੁੱਢਾ ਸਾਹਿਬ ਦੇ ਸਰਾਪ ਨਾਲ ਇਕ ਸਿੱਖ ਸੂਰ ਬਣਿਆ ਤੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ਿਕਾਰ ਕਰ ਕੇ ਉਸ ਦਾ ਉਧਾਰ ਕੀਤਾ। ਕੀ ਇਹ ਗੁਰਮਤਿ ਅਨੁਸਾਰ ਠੀਕ ਹੈ? ਥੋੜੀ ਦੂਰ ਗੁਰਦਵਾਰਾ ਸੰਨ੍ਹ ਸਾਹਿਬ ਹੈ। ਇਕ ਗੋਲ ਮਘੋਰਾ ਬਣਿਆ ਹੈ। ਲਾਈਨਾਂ ਲਿਖੀਆਂ ਹਨ:

ਸੰਨ੍ਹ ਬੀਚ ਨਰ ਜੋ ਲਘ ਜਾਵੈ।

ਸੋ ਨਰ ਜਮ ਕੇ ਪੰਥ ਨਾ ਪਾਵੈ।

ਮੇਰੇ ਨਾਲ ਗਈ ਸਵਾਰੀ ਵੀ ਮਘੋਰੇ ਵਿਚੋਂ ਲੰਘੀ ਤੇ ਮੈਨੂੰ ਕਹਿਣ ਕਿ ਇਸ ਵਿਚੋਂ ਲੰਘਣਾ ਜ਼ਰੂਰੀ ਹੈ। ਸੰਗਤ ਲਾਈਨਾਂ ਬਣਾ ਕੇ ਲੰਘਦੀ ਹੈ ਮਘੋਰੇ ਵਿਚੋਂ। ਜੇ ਇਹ ਸੱਚ ਹੈ ਤਾਂ ਕੀ ਲੋੜ ਸੀ ਗੁਰੂ ਮਹਾਰਾਜ ਨੂੰ ਪਾਵਨ ਗੁਰਬਾਣੀ ਉਚਾਰਨ ਦੀ? ਬਾਬਾ ਬੁੱਢਾ ਜੀ ਦੀ ਬੀੜ (ਗੁਰਦਵਾਰਾ ਬੀੜ ਸਾਹਿਬ) ਵਿਖੇ ਸਪੈਸ਼ਲ ਪੁੱਤਰਾਂ ਦੀਆਂ ਅਰਦਾਸਾਂ ਹੁੰਦੀਆਂ ਹਨ। ਧਰਮ ਦੇ ਠੇਕੇਦਾਰੋ! ਕੋਈ ਇਕ-ਅੱਧਾ ਗੁਰੂ ਘਰ ਜਗਤ ਜਨਨੀ ਦੀ ਪ੍ਰਾਪਤੀ ਲਈ ਵੀ ਬਣਾ ਦਿਉ ਜਿਥੇ ਸਿਰਫ਼ ਧੀ ਦੀ ਪ੍ਰਾਪਤੀ ਲਈ ਅਰਦਾਸ ਹੋਵੇ। ਧੀ ਤੇ ਪੁੱਤਰ ਵਿਚ ਫ਼ਰਕ ਦਰਸਾਉਣ ਵਾਲਿਉ! ਤੁਹਾਨੂੰ ਬਾਬਾ (ਗੁਰੂ ਨਾਨਕ) ਜੀ ਨੇ ਕਦੇ ਮਾਫ਼ ਨਹੀਂ ਕਰਨਾ। ਭਰੂਣ ਹਤਿਆ ਦੇ ਦੋਸ਼ੀ ਤੁਸੀ ਹੋ ਜੋ ਪੁੱਤਰ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹੋ।

ਕੁੱਝ ਦਿਨਾਂ ਬਾਅਦ ਤਰਨ ਤਾਰਨ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਤੇ ਸੁਲਤਾਨਪੁਰ ਲੋਧੀ ਦਰਸ਼ਨ ਕਰਨ ਗਏ। ਇਥੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਹੈ ਗੁਰਮਤਿ ਦਾ ਪ੍ਰਚਾਰ ਕਰਨ ਦੀ, ਪਰ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀਆਂ 84 ਪੌੜੀਆਂ ਬਾਰੇ ਪ੍ਰਚਾਰ ਹੈ ਕਿ ਜਿਹੜਾ ਬੰਦਾ 84 ਜਪੁ ਜੀ ਸਾਹਿਬ ਦੇ ਪਾਠ ਹਰ ਪੌੜੀ 'ਤੇ ਬੈਠ ਕੇ ਕਰੇਗਾ ਅਤੇ ਪਾਠ ਤੋਂ ਬਾਅਦ ਇਸ਼ਨਾਨ ਕਰੇਗਾ ਭਾਵ 84 ਪਾਠ ਤੇ 84 ਵਾਰ ਇਸ਼ਨਾਨ ਕਰੇਗਾ, ਉਸ ਦੀਆਂ 84 ਲੱਖ ਜੂਨੀਆਂ ਕੱਟੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਨੇ ਇਸ ਕਰਮ ਕਾਂਡ ਨੂੰ ਰੋਕਣਾ ਤਾਂ ਕੀ ਸੀ ਸਗੋਂ ਕਰਮ ਕਾਂਡੀ ਸਿੱਖਾਂ ਦੀ ਸਹੂਲਤ ਲਈ ਹਰ ਪੌੜੀ ਉਪਰ ਇਕ ਫੱਟੀ ਲਾ ਦਿਤੀ। ਜਪੁ ਜੀ ਸਾਹਿਬ ਟਾਈਪ ਕਰ ਕੇ ਲੈਮੀਨੇਸ਼ਨ ਕਰ ਕੇ ਉਥੇ ਰੱਖ ਦਿਤਾ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਸਿੱਖ ਗੁਰੂ ਘਰ ਵਿਚ ਜੋ ਮਰਜ਼ੀ ਕਰਮ ਕਾਂਡ ਕਰੀ ਜਾਣ, ਗੋਲਕ ਨਹੀਂ ਘਟਣੀ ਚਾਹੀਦੀ। ਕੀ ਪ੍ਰਧਾਨ ਜੀ, ਜਥੇਦਾਰ ਜੀ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ 'ਚ ਇਸ ਕਰਮ ਕਾਂਡ ਨੂੰ ਰੋਕਣ ਦੀ ਹਿੰਮਤ ਹੈ?

ਖ਼ੈਰ! ਕੁੱਝ ਦਿਨਾਂ ਬਾਅਦ ਤਰਨ ਤਾਰਨ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਤੇ ਸੁਲਤਾਨਪੁਰ ਲੋਧੀ ਦਰਸ਼ਨ ਕਰਨ ਗਏ। ਇਥੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਹੈ ਗੁਰਮਤਿ ਦਾ ਪ੍ਰਚਾਰ ਕਰਨ ਦੀ, ਪਰ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀਆਂ 84 ਪੌੜੀਆਂ ਬਾਰੇ ਪ੍ਰਚਾਰ ਹੈ ਕਿ ਜਿਹੜਾ ਬੰਦਾ 84 ਜਪੁ ਜੀ ਸਾਹਿਬ ਦੇ ਪਾਠ ਹਰ ਪੌੜੀ 'ਤੇ ਬੈਠ ਕੇ ਕਰੇਗਾ ਅਤੇ ਪਾਠ ਤੋਂ ਬਾਅਦ ਇਸ਼ਨਾਨ ਕਰੇਗਾ ਭਾਵ 84 ਪਾਠ ਤੇ 84 ਵਾਰ ਇਸ਼ਨਾਨ ਕਰੇਗਾ, ਉਸ ਦੀਆਂ 84 ਲੱਖ ਜੂਨੀਆਂ ਕੱਟੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਨੇ ਇਸ ਕਰਮ ਕਾਂਡ ਨੂੰ ਰੋਕਣਾ ਤਾਂ ਕੀ ਸੀ ਸਗੋਂ ਕਰਮ ਕਾਂਡੀ ਸਿੱਖਾਂ ਦੀ ਸਹੂਲਤ ਲਈ ਹਰ ਪੌੜੀ ਉਪਰ ਇਕ ਫੱਟੀ ਲਾ ਦਿਤੀ। ਜਪੁ ਜੀ ਸਾਹਿਬ ਟਾਈਪ ਕਰ ਕੇ ਲੈਮੀਨੇਸ਼ਨ ਕਰ ਕੇ ਉਥੇ ਰੱਖ ਦਿਤਾ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਸਿੱਖ ਗੁਰੂ ਘਰ ਵਿਚ ਜੋ ਮਰਜ਼ੀ ਕਰਮ ਕਾਂਡ ਕਰੀ ਜਾਣ, ਗੋਲਕ ਨਹੀਂ ਘਟਣੀ ਚਾਹੀਦੀ। ਕੀ ਪ੍ਰਧਾਨ ਜੀ, ਜਥੇਦਾਰ ਜੀ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ 'ਚ ਇਸ ਕਰਮ ਕਾਂਡ ਨੂੰ ਰੋਕਣ ਦੀ ਹਿਮਤ ਹੈ?

ਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਨੂੰ ਵੀ ਬੇਨਤੀ ਹੈ ਕਿ ਮਨ-ਘੜਤ ਕਹਾਣੀਆਂ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਗੁਰਬਾਣੀ ਤੋਂ ਸੇਧ ਲਿਆ ਕਰੋ। ਉੱਚ ਕੋਟੀ ਦੇ ਵਿਦਵਾਨਾਂ ਦੀਆਂ ਕਿਤਾਬਾਂ ਪੜ੍ਹੋ, ਗੁਰਬਾਣੀ ਦੇ ਅਰਥ ਪੜ੍ਹੋ। ਕਿਸੇ ਟਕਸਾਲ ਜਾਂ ਡੇਰੇ ਦੇ ਲਿਖਾਰੀ 'ਤੇ ਵਿਸ਼ਵਾਸ ਨਾ ਕਰੋ ਕਿਉਂਕਿ ਇਨ੍ਹਾਂ ਨੇ ਗੁਰਮਤਿ ਨੂੰ ਘੱਟ ਤੇ ਡੇਰੇ ਟਕਸਾਲ ਨੂੰ ਵੱਧ ਮਾਨਤਾ ਦੇਣੀ ਹੁੰਦੀ ਹੈ। ਸਪੋਕਸਮੈਨ ਦਾ ਸਾਥ ਦਿਉ। ਮੈਂ ਕੁੱਝ ਜ਼ਿਆਦਾ ਤਾਂ ਨਹੀਂ ਕਰ ਸਕਿਆ, ਜਿਸ ਕੋਲ ਮੈਂ ਡਰਾਈਵਰੀ ਕਰਦਾ ਸੀ (ਹੁਣ ਅਪਣੀ ਟੈਕਸੀ ਪਾ ਲਈ ਹੈ ਜੋ ਕਿਸ਼ਤਾਂ 'ਤੇ ਹੈ), ਉਸ ਵੀਰ ਨੂੰ ਪ੍ਰੇਰਿਆ ਤਾਂ ਉਸ ਨੇ ਮਹੀਨਾ ਕੁ ਪਹਿਲਾਂ ਦਵਿੰਦਰ ਸਿੰਘ ਅਤੇ ਅਪਣੀ ਸਪੁੱਤਰੀ ਰਮਣੀਕ ਕੌਰ ਦੇ ਨਾਂ ਇਕ-ਇਕ ਲੱਖ ਰੁਪਏ ਭੇਜ ਕੇ, 'ਉੱਚਾ ਦਰ ਬਾਬੇ ਨਾਨਕ ਦਾ' ਦੀ ਮੈਂਬਰਸ਼ਿਪ ਲਈ ਹੈ। ਮੇਰੇ ਵਿਚ ਏਨੀ ਗੁੰਜਾਇਸ਼ ਨਹੀਂ ਸੀ। ਮੇਰੇ ਵੀਰ ਦਵਿੰਦਰ ਸਿੰਘ ਤੇ ਪ੍ਰਵਾਰ ਦਾ ਧਨਵਾਦ। 'ਉੱਚਾ ਦਰ ਬਾਬੇ ਨਾਨਕ ਦਾ' ਤੋਂ ਹੀ ਸਾਨੂੰ ਸਹੀ ਜਾਣਕਾਰੀ ਮਿਲ ਸਕੇਗੀ। ਸਰਬੱਤ ਦਾ ਭਲਾ ਹੋਵੇ।

- ਤੇਜਿੰਦਰ ਸਿੰਘ ਮਵੀ

ਮੋਬਾਈਲ : 99889-41198

'ਸਰਦਾਰ ਜੀ' ਤੋਂ 'ਬਾਊ ਜੀ' ਬਣਦੇ ਵੇਖੇ ਸਿੱਖ

ਸਾਡੇ ਗੁਰੂਆਂ ਦੀਆਂ ਉੱਚੀਆਂ ਸੁੱਚੀਆਂ ਸਿਖਿਆਵਾਂ ਤੇ ਮਹਾਨ ਫ਼ਲਸਫ਼ਾ ਸੀ ਅਤੇ ਹੈ। ਇਸ ਨੂੰ ਅਪਣਾ ਕੇ ਸਿੱਖ ਹੀ ਨਹੀ, ਦੁਨੀਆਂ ਦਾ ਕੋਈ ਵੀ ਮਨੁੱਖ ਅਪਣਾ ਜੀਵਨ ਸਵਾਰ ਸਕਦਾ ਹੈ ਤੇ ਇਸ ਧਰਤੀ ਉਪਰ ਅਪਣੀ ਵਖਰੀ ਪਹਿਚਾਣ ਬਣਾ ਸਕਦਾ ਹੈ। ਪਰ ਸਾਡੀ ਨਾਸਮਝੀ, ਅਵੇਸਲੇਪਨ ਅਤੇ ਬਾਹਰੀ ਸਾਜ਼ਸ਼ਾਂ ਕਾਰਨ ਸਿੱਖ ਸਿਧਾਂਤ ਖ਼ਤਮ ਹੋ ਰਹੇ ਹਨ। ਇਸ ਪਾਸੇ ਮੇਰਾ ਧਿਆਨ ਕਦੇ ਨਾ ਜਾਂਦਾ, ਜੇਕਰ ਮੈਂ ਪੰਥਕ ਅਖ਼ਬਾਰ ਰੋਜ਼ਾਨਾ ਸਪੋਕਸਮੈਨ ਦਾ ਪਾਠਕ ਨਾ ਬਣਦਾ। ਮੇਰਾ ਰੋਮ ਰੋਮ ਰਿਣੀ ਹੈ, ਸ. ਜੋਗਿੰਦਰ ਸਿੰਘ ਜੀ ਦਾ, ਜੋ ਸਾਜ਼ਸ਼ਾਂ ਅਧੀਨ ਤਕਰੀਬਨ ਤਕਰੀਬਨ ਖ਼ਤਮ ਹੋ ਚੁੱਕੇ ਸਿੱਖ ਫ਼ਲਸਫ਼ੇ ਨੂੰ ਬਚਾਉਣ ਤੇ 'ਉੱਚਾ ਦਰ ਬਾਬੇ ਨਾਨਕ ਦਾ' ਰਾਹੀਂ ਸਾਰੀ ਦੁਨੀਆਂ ਵਿਚ ਪ੍ਰਚਾਰਨ ਲਈ ਅਪਣੀ ਜ਼ਿੰਦਗੀ ਦੀ ਸਾਰੀ ਕਮਾਈ ਲਾ ਰਹੇ ਹਨ। ਅਫ਼ਸੋਸ ਹੈ ਕਿ ਅਪਣੇ ਆਪ ਨੂੰ ਪੰਥ ਹਿਤੈਸ਼ੀ ਤੇ ਸਿੱਖ ਹਿਤੈਸ਼ੀ ਅਖਵਾਉਣ ਵਾਲੇ ਬੰਦੇ ਜਾਂ ਸੰਸਥਾਵਾਂ ਵੀ ਸਹਿਯੋਗ ਦੇਣ ਲਈ ਅੱਗੇ ਨਹੀਂ ਆ ਰਹੇ ਸਗੋਂ ਸਾਡੀ ਪੰਥਕ ਅਖਵਾਉਂਦੀ ਸਰਕਾਰ ਤੇ ਪੰਥਕ ਪ੍ਰਚਾਰ ਦਾ ਨਾਂ ਲੈ ਕੇ ਬਣੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਦੁਸ਼ਮਣ ਬਣ ਕੇ ਰੋਜ਼ਾਨਾ ਸਪੋਕਸਮੈਨ ਤੇ ਸ. ਜੋਗਿੰਦਰ ਸਿੰਘ ਦੇ ਪੰਥਕ ਪ੍ਰਚਾਰ ਦੇ ਰਸਤੇ ਵਿਚ ਰੋੜੇ ਅਟਕਾ ਰਹੀ ਹੈ ਤੇ ਨਾਲ ਹੀ ਸਾਡੇ ਅਖੌਤੀ ਪੰਥਕ ਰਹਿਨੁਮਾ ਕਹਿ ਰਹੇ ਹਨ ਕਿ ਸਿੱਖ ਪੰਥ ਤੇ ਸਿੱਖ ਫ਼ਲਸਫ਼ਾ ਪ੍ਰਫੁੱਲਤ ਹੋ ਰਹੇ ਹਨ ਜਦਕਿ ਮੈਂ ਸਿੱਖ ਫ਼ਲਸਫ਼ੇ ਦੇ ਕਈ ਪੱਖਾਂ ਨੂੰ ਮਿਟਦਿਆਂ ਤੇ ਇਤਿਹਾਸ ਬਣਦਿਆਂ ਦੇਖਦਾ, ਇਸ ਦਾ ਚਸ਼ਮਦੀਦ ਗਵਾਹ ਹਾਂ ਤੇ ਤੁਸੀ ਵੀ ਹੋ।

ਅੱਜ ਇਥੇ ਪੰਜਾਬ ਵਿਚ ਦਸਤਾਰਾਂ ਵਾਲੇ ਸਰਦਾਰ ਦੇ "ਬਾਊ ਜੀ" ਬਣਨ ਦੇ ਇਤਿਹਾਸ ਦੀ ਗੱਲ ਕਰਦੇ ਹਾਂ। ਇਸ ਨੂੰ ਸਪੱਸ਼ਟ ਕਰਨ ਲਈ ਮੈਂ ਅਪਣੀਆਂ ਯਾਦਾਂ ਨੂੰ ਤਕਰੀਬਨ 25 ਸਾਲ ਪਿਛੇ ਲੈ ਜਾਣਾ ਚਾਹਾਂਗਾ। ਉਸ ਸਮੇਂ ਸਿਰ ਉਪਰ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ 'ਸਰਦਾਰ ਜੀ' ਕਹਿ ਕੇ ਬੁਲਾਇਆ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਮੇਰੇ ਮਾਸੀ ਜੀ ਦੇ ਲੜਕੇ, ਜਿਸ ਦਾ ਪਿੰਡ ਰਣੀਆਂ (ਮੋਗਾ) ਸੀ। ਕੈਨੇਡਾ ਦਾ ਵੀਜ਼ਾ ਮਿਲ ਜਾਣ ਤੋਂ ਬਾਅਦ, ਉਸ ਨੇ ਅਪਣੇ ਕੇਸ ਕਟਵਾ ਦਿਤੇ ਸਨ। ਫਿਰ ਮੇਰਾ ਵੀਰ ਸਾਨੂੰ ਮਿਲਣ ਬਸ

ਫ਼ਰਵਰੀ 2011 ਵਿਚ ਸਾਡੇ ਘਰ ਸਹਿਜ ਪਾਠ ਤੇ ਸੰਗਤ ਆਈ ਹੋਈ ਸੀ। ਉਸ ਸਮੇ ਮੇਰਾ ਬੇਟਾ 3 ਸਾਲ ਦਾ ਸੀ ਜਿਸ ਦੇ ਸਿਰ ਉਤੇ ਦਸਤਾਰ ਸਜੀ ਹੋਣ ਕਾਰਨ ਇਕ 13-14 ਸਾਲ ਦੀ ਲੜਕੀ ਨੂੰ ਉਸ ਪ੍ਰਤੀ ਪਿਆਰ ਆਇਆ ਤੇ ਉਸ ਨੇ ਮੇਰੇ ਬੇਟੇ ਨੂੰ ਕਿਹਾ, "ਆਉ ਬਾਬੂ ਜੀ, ਆਉ, ਮੇਰੇ ਕੋਲ ਆ ਜਾਉ।' ਇਹ ਸੁਣ ਕੇ ਮੇਰੇ ਬੇਟੇ ਨੇ ਤੁਰਤ ਅੱਗੋਂ ਜੁਆਬ ਦਿਤਾ, "ਮੈਂ ਬਾਊ ਨਹੀਂ, ਸਰਦਾਰ ਹਾਂ। ਮੈਂ ਸਰਦਾਰ ਗੁਰਨੂਰ ਸਿੰਘ ਹਾਂ।"

ਅੱਜ ਵੀ ਉਹ ਅਪਣਾ ਨਾਮ ਪੁੱਛਣ ਤੇ ਸਰਦਾਰ ਗੁਰਨੂਰ ਸਿੰਘ ਦਸਦਾ ਹੈ ਜਦਕਿ ਅਸੀ ਬਹੁ-ਗਿਣਤੀ ਵਿਚ ਦਸਤਾਰ ਅਤੇ ਸਰਦਾਰੀ ਦੇ ਇਤਿਹਾਸ ਨੂੰ ਭੁਲਦੇ ਜਾ ਰਹੇ ਹਾਂ। ਇਸੇ ਕਾਰਨ ਵੱਡੀਆਂ ਕੁਰਬਾਨੀਆਂ ਦੇ ਕੇ ਮਿਲੀ ਸਰਦਾਰੀ ਨੂੰ ਭੁੱਲ ਕੇ, ਹੁਣ ਅਸੀ ਮਿਸਟਰ ਜਾਂ ਬਾਊ ਤੇ ਸ੍ਰੀ ਵਿਚ ਗੁਆਚਦੇ ਜਾ ਰਹੇ ਹਾਂ।

ਹੋਣ ਨਾਤੇ ਪੜ੍ਹਿਆ ਸੀ ਕਿ ਰਾਜੇ, ਮਹਾਰਾਜੇ ਤੇ ਜਾਗੀਰਦਾਰਾਂ ਤੋਂ ਇਲਾਵਾ ਰਾਜਿਆਂ ਸਮੇਤ ਖ਼ਾਸ ਪ੍ਰਾਪਤੀਆਂ ਕਰਨ ਵਾਲਿਆਂ ਨੂੰ 'ਸਰਦਾਰੀ' ਇਕ ਰੁਤਬੇ ਵਜੋਂ ਮਿਲਦੀ ਸੀ ਤੇ ਰੁਤਬੇ ਵਾਲਾ ਬੰਦਾ ਹੀ ਸਿਰ ਉਪਰ ਦਸਤਾਰ ਸਜਾ ਸਕਦਾ ਸੀ। ਹਿੰਦੂ ਪੁਰਾਤਨ ਗ੍ਰੰਥ ਰਿਗਵੇਦ ਅਨੁਸਾਰ, ਮਨੁੱਖ ਦੀ ਉਤਪਤੀ ਬ੍ਰਹਮਾ ਨੇ ਕੀਤੀ ਸੀ ਤੇ ਉਸ ਦੇ ਮੂੰਹ ਵਿਚੋਂ ਬ੍ਰਾਹਮਣ ਪੈਦਾ ਹੋਏ ਸਨ, ਬਾਹਾਂ ਵਿਚੋਂ ਕਸ਼ਤਰੀ, ਪੱਟਾਂ ਵਿਚੋਂ ਵੈਸ਼ ਅਤੇ ਉਸ ਦੇ ਪੈਰਾਂ ਵਿਚੋਂ ਸ਼ੂਦਰ ਅਤੇ ਔਰਤ ਪੈਦਾ ਹੋਏ ਦੱਸੇ ਗਏ ਹਨ। ਸ਼ੂਦਰਾਂ ਦੀ ਜ਼ਿੰਦਗੀ ਅਤਿਅੰਤ ਤਰਸਯੋਗ ਸੀ। ਉਹ ਕੇਸ ਨਹੀਂ ਰੱਖ ਸਕਦੇ ਸਨ, ਨਾ ਸਿਰ ਉਪਰ ਦਸਤਾਰ ਸਜਾ ਸਕਦੇ ਸਨ ਅਤੇ ਨਾ ਹੀ ਘੋੜੇ ਦੀ ਸਵਾਰੀ ਕਰ ਸਕਦੇ ਸਨ। ਇਨ੍ਹਾਂ ਉੱਚ ਜਾਤੀ ਵਾਲਿਆਂ ਨੂੰ ਗ਼ੁਲਾਮ ਬਣ ਕੇ ਰਹਿਣਾ ਪੈਂਦਾ ਸੀ। ਇਹ ਗ਼ੁਲਾਮ ਜਾਨਵਰਾਂ ਵਾਂਗ ਵੇਚੇ ਤੇ ਖ਼ਰੀਦੇ ਜਾਂਦੇ ਸਨ।

ਸਿੱਖ ਗੁਰੂ ਸਾਹਿਬਾਨ ਨੇ ਇਸ ਨਾਬਰਾਬਰੀ ਵਿਰੁਧ ਆਵਾਜ਼ ਉਠਾਈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸ਼ੂਦਰਾਂ ਸਿਰ ਦਸਤਾਰ ਸਜਾ ਦਿਤੀ ਅਤੇ ਘੋੜਿਆਂ ਦੀ ਸਵਾਰੀ ਸਮੇਤ ਸਾਰੇ ਮਨੁੱਖਾਂ ਨੂੰ ਬਰਾਬਰ ਹੋਣ ਦੇ ਮਨੁੱਖੀ ਅਧਿਕਾਰ ਖ਼ਾਲਸੇ ਦੇ ਰੂਪ ਵਿਚ ਦੇ ਦਿਤੇ ਜਿਸ ਤੋਂ ਹਿੰਦੂ ਉੱਚ ਜਾਤੀਆਂ ਗੁਰੂ ਗੋਬਿੰਦ ਸਿੰਘ ਜੀ ਨਾਲ ਖਾਰ ਖਾਣ ਲੱਗ ਪਈਆਂ ਕਿ ਗੁਰੂ ਨੇ ਕਿਉਂ ਸ਼ੂਦਰਾਂ ਨੂੰ ਸਿਰ ਉਪਰ ਦਸਤਾਰ ਰੂਪੀ ਤਾਜ ਸਜਾਉਣ ਤੇ ਸਰਦਾਰ ਅਖਵਾਉਣ ਦਾ ਹੱਕ ਦੇ ਦਿਤਾ ਸੀ ਜਿਸ ਨੂੰ ਹਿੰਦੂ ਉੱਚ ਜਾਤੀਆਂ ਵਾਲੇ ਅਪਣਾ ਸਦੀਆਂ ਤੋਂ ਚਲਿਆ ਆ ਰਿਹਾ ਰਾਖਵਾਂ ਹੱਕ ਹੀ ਸਮਝਦੇ ਸਨ? ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੂ ਪਹਾੜੀ ਰਾਜਿਆਂ ਨਾਲ ਕਈ ਜੰਗਾਂ ਦਸਤਾਰ ਤੇ ਸਰਦਾਰੀ ਕਾਇਮ ਰੱਖਣ ਖ਼ਾਤਰ ਹੀ ਲੜਨੀਆਂ ਪਈਆਂ ਸਨ। ਇਨ੍ਹਾਂ ਜੰਗਾਂ ਵਿਚ ਹਜ਼ਾਰਾਂ ਕੁਰਬਾਨੀਆਂ ਦੇ ਕੇ

ਸਰਪੰਚ ਯਾਦਵਿੰਦਰ ਸਿੰਘ ਸਿੱਧੂ

ਮੁਸਲਮਾਨਾਂ ਦੇ ਸਿਰਾਂ ਉਪਰ ਦਸਤਾਰ ਉਸੇ ਸਰਦਾਰੀ ਤੇ ਅਣਖ ਦੇ ਪ੍ਰਭਾਵ ਦੀ ਹੀ ਹੋਂਦ ਹੈ ਜਦਕਿ ਦੱਖਣ ਭਾਰਤ ਵਿਚ ਸਿੱਖਾਂ ਤੋਂ ਇਲਾਵਾ ਕੋਈ ਦਸਤਾਰ ਨਹੀਂ ਸਜਾਉਂਦਾ।

ਅੱਜ ਤੋਂ 25 ਸਾਲ ਪਹਿਲਾਂ ਤਕ ਸਿਰ ਉਪਰ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ 'ਸਰਦਾਰ ਜੀ' ਕਹਿ ਕੇ ਬੁਲਾਇਆ ਜਾਂਦਾ ਸੀ, ਪਰ ਅੱਜ ਪੰਜਾਬ ਵਿਚ ਜ਼ਿਆਦਾਤਰ ਪੰਜਾਬੀ ਵੀ, ਚਾਹੇ ਉਹ ਰਿਕਸ਼ਾ ਚਾਲਕ ਹੋਵੇ, ਸਬਜ਼ੀ ਦੀ ਰੇਹੜੀ ਵਾਲਾ, ਕੋਈ ਦੁਕਾਨਦਾਰ ਜਾਂ ਹੋਰ ਕੰਮ-ਧੰਦੇ ਵਾਲਾ ਹੋਵੇ ਤੇ ਭਾਵੇਂ ਖ਼ੁਦ ਸਰਦਾਰ ਹੋਵੇ, ਦਸਤਾਰ ਸਜਾਉਣ ਵਾਲੇ ਨੂੰ "ਬਾਊ ਜੀ" ਕਹਿ ਕੇ ਬੁਲਾਉਂਦੇ ਹਨ, (ਆਵਾਜ਼ ਮਾਰਦੇ ਹਨ)।

ਜੇਕਰ ਅਸੀ ਇਹ ਕਹਿ ਦੇਈਏ ਕਿ ਯੂ.ਪੀ. ਬਿਹਾਰ ਦੇ ਭਈਏ ਆਉਣ ਨਾਲ ਇਹ ਸੱਭ ਕੁੱਝ ਹੋ ਗਿਐ ਤਾਂ ਸਾਡੇ ਲਈ ਬਹੁਤ ਸ਼ਰਮ ਦੀ ਗੱਲ ਹੋਵੇਗੀ। ਅਸੀ ਸਰਦਾਰ ਦੀ ਮਹੱਤਤਾ ਉਨ੍ਹਾਂ ਪ੍ਰਵਾਸੀਆਂ ਨੂੰ ਸਮਝਾ ਸਕਦੇ ਸੀ, ਪਰ ਸਮਝਾਉਂਦੇ ਕਿਵੇਂ? 99ਵੇਂ ਫ਼ੀ ਸਦੀ ਸਰਦਾਰਾਂ ਨੂੰ ਤਾਂ ਖ਼ੁਦ ਸਰਦਾਰੀ ਦੀ ਅਹਿਮੀਅਤ ਬਾਰੇ ਜਾਣਕਾਰੀ ਨਹੀਂ ਰਹੀ। ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਬਣੇ ਅੰਗਰੇਜ਼ੀ ਸਕੂਲਾਂ, ਕਾਲਜਾਂ ਸਮੇਤ ਹੋਰ ਦਫ਼ਤਰਾਂ ਵਿਚ ਵੀ ਸਰਦਾਰਾਂ ਦੇ ਨਾਮ ਅੱਗੇ ਲਗਪਗ ਸਰਦਾਰ ਲਿਖਣਾ ਤੇ ਕਹਿਣਾ ਖ਼ਤਮ ਹੋ ਚੁੱਕਾ ਹੈ ਤੇ ਹੁਣ ਉਸ ਦੀ ਜਗ੍ਹਾਂ ਤੇ ਮਿਸਟਰ ਆ ਗਿਆ ਹੈ। ਇਨ੍ਹਾਂ ਹਾਲਾਤ ਲਈ ਅਸੀ ਸਾਰੇ ਦੋਸ਼ੀ ਹਾਂ। ਮੈਨੂੰ ਇਕ ਅਭੁੱਲ ਯਾਦ ਚੇਤੇ ਆਉਂਦੀ ਹੈ ਕਿ ਫ਼ਰਵਰੀ 2011 ਵਿਚ ਸਾਡੇ ਘਰ ਸਹਿਜ ਪਾਠ ਤੇ ਸੰਗਤ ਆਈ ਹੋਈ ਸੀ। ਉਸ ਸਮੇ ਮੇਰਾ ਬੇਟਾ 3 ਸਾਲ ਦਾ ਸੀ ਜਿਸ ਦੇ ਸਿਰ ਉਤੇ ਦਸਤਾਰ ਸਜੀ ਹੋਣ ਕਾਰਨ ਇਕ 13-14 ਸਾਲ ਦੀ ਲੜਕੀ ਨੂੰ ਉਸ ਪ੍ਰਤੀ ਪਿਆਰ ਆਇਆ ਤੇ ਉਸ ਨੇ ਮੇਰੇ ਬੇਟੇ ਨੂੰ ਕਿਹਾ, "ਆਉ ਬਾਬੂ ਜੀ, ਆਉ, ਮੇਰੇ ਕੋਲ ਆ ਜਾਉ।' ਇਹ ਸੁਣ ਕੇ ਮੇਰੇ ਬੇਟੇ ਨੇ ਤੁਰਤ ਅੱਗੋਂ ਜੁਆਬ ਦਿਤਾ, "ਮੈਂ ਬਾਊ ਨਹੀਂ, ਸਰਦਾਰ ਹਾਂ। ਮੈਂ ਸਰਦਾਰ ਗੁਰਨੂਰ ਸਿੰਘ ਹਾਂ।"

ਅੱਜ ਵੀ ਉਹ ਅਪਣਾ ਨਾਮ ਪੁੱਛਣ ਤੇ ਸਰਦਾਰ ਗੁਰਨੂਰ ਸਿੰਘ ਦਸਦਾ ਹੈ ਜਦਕਿ ਅਸੀ ਬਹੁ-ਗਿਣਤੀ ਵਿਚ ਦਸਤਾਰ ਅਤੇ ਸਰਦਾਰੀ ਦੇ ਇਤਿਹਾਸ ਨੂੰ ਭੁਲਦੇ ਜਾ ਰਹੇ ਹਾਂ। ਇਸੇ ਕਾਰਨ ਵੱਡੀਆਂ ਕੁਰਬਾਨੀਆਂ ਦੇ ਕੇ ਮਿਲੀ ਸਰਦਾਰੀ ਨੂੰ ਭੁੱਲ ਕੇ, ਹੁਣ ਅਸੀ ਮਿਸਟਰ ਜਾਂ ਬਾਊ ਤੇ ਸ੍ਰੀ ਵਿਚ ਗੁਆਚਦੇ ਜਾ ਰਹੇ ਹਾਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਪਹਿਲਾਂ ਅਸੀ ਦਸਤਾਰ ਤੇ ਸਰਦਾਰੀ ਬਾਰੇ ਖ਼ੁਦ ਜਾਣੂ ਹੋਈਏ ਤੇ ਮਿਲ ਕੇ ਦਸਤਾਰ ਤੇ ਸਰਦਾਰੀ ਬਾਰੇ ਅਪਣੇ ਬੱਚਿਆਂ ਤੇ ਹੋਰ ਸਭਨਾਂ ਨੂੰ ਜਾਣੂ ਕਰਵਾਈਏ। ਅਜਿਹਾ ਹੋਣਾ ਅਸੰਭਵ ਨਹੀਂ ਹੈ, ਇਸ ਲਈ ਸਿਰਫ਼ ਹੰਭਲਾ ਮਾਰਨ ਦੀ ਲੋੜ ਹੈ। ਸਾਨੂੰ ਕੇਵਲ 'ਸਰਦਾਰ' ਦੇ ਇਤਿਹਾਸ ਨੂੰ ਨਹੀਂ ਸਗੋਂ ਸਾਜ਼ਸ਼ਾਂ ਅਧੀਨ ਖ਼ਤਮ ਕੀਤੇ ਜਾ ਰਹੇ ਸਿੱਖ ਫ਼ਲਸਫ਼ੇ ਨੂੰ ਬਚਾਉਣ ਲਈ ਆਖ਼ਰੀ ਉਮੀਦ ਇਕੋ ਇਕ ਅਤਿ-ਆਧੁਨਿਕ ਰਸਤਾ 'ਉੱਚਾ ਦਰ ਬਾਬੇ ਨਾਨਕ ਦਾ' ਨੂੰ ਅਪਨਾਇਆ ਹੈ। ਇਸ ਨੂੰ ਕਲ-

---

'ਉੱਚਾ ਦਰ ਬਾਬੇ ਨਾਨਕ ਦਾ' ਲਈ ਉਸਾਰੀ ਫ਼ੰਡ ਵਿਚ ਆਈਆਂ ਰਕਮਾਂ

ਕਿਸ਼ਤ ਨੰ. 93

ਲੜੀ ਨੰ.	ਨਾਮ ਅਤੇ ਸ਼ਹਿਰ/ਪਿੰਡ	ਰਕਮ	ਰਸੀਦ ਨੰਬਰ	ਰਸੀਦ ਜਾਰੀ ਕਰਨ ਦੀ ਮਿਤੀ
2904	ਡਾ. ਬਲਬੀਰ ਸਿੰਘ ਸੰਧੂ ਪੁੱਤਰ ਸ. ਤਾਰਾ ਸਿੰਘ, ਨੇੜੇ ਕੌਲ ਰੋਡ, ਅੰਮ੍ਰਿਤਸਰ	10000	4174	25.05.2013
2905.	ਬੀਬੀ ਅਮਰਜੀਤ ਕੌਰ ਪਤਨੀ ਸ. ਤਰਲੋਚਨ ਸਿੰਘ ਰਾਧਾ ਗਾਰਡਨ, ਜਲੰਧਰ	25000	4175	24.05.2013
2906.	ਬੀਬੀ ਸਵਲੀਨ ਕੌਰ ਅਤੇ ਏਕਮਨੂਰ ਸਿੰਘ, ਰਣਜੀਤ ਨਗਰ, ਪਟਿਆਲਾ	1000	4176	12.05.2013
2907.	ਸ੍ਰੀ ਸੋਹਨ ਲਾਲ ਗੁਪਤਾ, ਗੁਰੂ ਨਾਨਕ ਨਗਰ, ਪਟਿਆਲਾ	2000	4177	12.05.2013
2908.	ਸ. ਹਰੀ ਸਿੰਘ, ਅੰਬਾਲਾ ਸਿਟੀ	2000	4178	12.05.2013
2909.	ਸ. ਕੁਲਦੀਪ ਸਿੰਘ,	1100	4179	12.05.2013
2910.	ਸ. ਹਰਦਿਆਲ ਸਿੰਘ,	1100	4180	12.05.2013
2911.	ਬੀਬੀ ਹਰਬੰਸ ਕੌਰ ਪਤਨੀ ਸ. ਤਰਲੋਕ ਸਿੰਘ, ਪਟਿਆਲਾ	5000	4181	12.05.2013
2912.	ਬੀਬੀ ਹਰਜੋਤ ਕੌਰ, ਫ਼ੇਜ਼-1, ਮੋਹਾਲੀ	100	4182	12.05.2013
2913.	ਸ. ਹਰਜੀਤ ਸਿੰਘ	3100	4183	12.05.2013
2914.	ਬੀਬੀ ਹਰਬੰਸ ਕੌਰ, ਗੁੜਗਾਉਂ	5000	4184	12.05.2013
2915.	ਬੀਬੀ ਪ੍ਰਭਪ੍ਰੀਤ ਕੌਰ	1100	4185	12.05.2013
2916.	ਬੀਬੀ ਭੁਪਿੰਦਰ ਕੌਰ, ਖਰੜ	1000	4186	12.05.2013
2917.	ਬੀਬੀ ਬਰਜਿੰਦਰ ਕੌਰ, ਲਾਲੜੂ, ਮੋਹਾਲੀ	1000	4187	12.05.2013
2918.	ਬੀਬੀ ਸ਼ਰਨਜੀਤ ਕੌਰ, ਪੰਜੋਖੜਾ ਸਾਹਿਬ, ਹਰਿਆਣਾ	3000	4188	12.05.2013